ਰੱਬ ਕਰਤਾ ਦੀ ਆਗਿਆ ਬਿਨਾਂ ਕੋਈ ਨਹੀਂ ਛਾਂ ।

ਜਗਤ ਮੂਰਖ ਵਤ ਪਾਇ ਅਬਿਨਾਸੀ ਨਾ ਕਵੈ ਮਰੈ ਨ ਜਾਇਆ ।

ੴ ਸਤਿਗੁਰਪ੍ਰਸਾਦਿ ॥

ਅਕਾਲੀਜੋਧਾ

ਜਿਸ ਵਿਚ

ਸ੍ਰੀ ਮਾਨ ਸੰਤ ਸੰਪੂਰਣ ਸਿੰਘ ਜੀ

Th. D. Sc.

ਨੇ

ਅਕਾਲੀਆਂ ਵਿਚ ਕੀਨ, ਕਿਥੋਂ ਤੇ ਕਿਸ ਤਰਾਂ ਆਈ ਕੋਈ ਅਦ੍ਰਿਸ਼ਨ ਤਾਕਤੀ ਨੇਮ ਕਰਕੇ ਇਨ੍ਹਾਂ ਨੂੰ ਦੁਰਵਿਜਈ ਬਣਾ ਰਹੀ ਹੈ ਇਹਨਾਂ ਦੇ ਬਾਰੇ ਦਾ ਵਿਸਥਾਰ ਪੂਰਵਕ ਵਰਣਨ ਪ੍ਰਗਟ ਕੀਤਾ ਹੈ।

KHALSA COLLEGE LIBRARY

ਜਿਸਨੂੰ

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਛਾਪਣ ਤੇ ਵੇਚਣ ਵ ਲੇ ਬਜ਼ਾਰ ਮਾਈ ਸੇਵਾਂ

ਸ੍ਰੀ ਅੰਮ੍ਰਿਤਸਰ ਜੀ ਨੇ

'ਖ਼ਾਲਸਾ ਪ੍ਰੈਸ' ਅੰਮ੍ਰਿਤਸਰ ਵਿੱਚ ਸ੍ਰ. ਹਰ ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਾਯਾ ॥

ੴ ਸਤਿਗੁਰਪ੍ਰਸਾਦਿ ॥

ਕਰਖ਼ਾਲੀ ਵਰਤੀ ਸਗ ਅੰਤਰ ਇਸਬਾਲੀ ਤੇ ਹਰਿ ਨਾਮੁ ਪਾਇਦਾ ॥

ਭੂਮਕਾ

ਅੱਜ ਕੱਲ ਵਰਤ ਰਹੇ ਸਮੇਂ ਨੂੰ ਤੱਕਦਿਆਂ ਹੋਯਾਂ ਚਿੱਤ ਅਕਸਰ ਲੋਚ ਰਿਹਾ ਸੀ ਕਿ ਕੋਈ ਅਜੇਹੀ ਛੋਟੀ ਮੋਟੀ ਪੁਸਤਕ ਲਿਖੀ ਜਾਵੇ ਜੋ ਸੁਰਜੀਤ ਜੀਵਨ ਵੱਲ ਕਦਮ ਪੁੱਟੀ ਜਾ ਰਿਹਾਂ ਲਈ ਹਿੰਮਤ ਤੇ ਢਾਰਸ ਦਾ ਲੱਕ ਬਨ੍ਹੌਂਦੀ ਹੋਈ ਉਨ੍ਹਾਂ ਦੀ ਪੂਰੀ ੨ ਕਾਮਯਾਬੀ ਦਾ ਕਾਰਨ ਹੋਵੇ। ਸੋ ਦੀਨ ਦੁਨੀਆਂ ਵਿੱਚ ਲੋਕਾਂ ਨੂੰ ਅੱਜ ਓਸੇ ਗੱਲ ਦੀ ਹੀ ਲੋੜ ਹੈ ਜੋ ਹਰ ਸਮੇਂ ਵਿਚ ਅਕਾਲੀ (ਹੱਬੀ) ਬੰਦਿਆਂ ਦੀ ਨਿਗ੍ਹਾ ਵਿਚ ਸਦੀਵ ਕਾਲ ਤੋਂ ਧਜਾਨ ਗੋਚਰੀ ਰਹੀ ਹੈ। ਸੋ ਉਹ ਕੀਹ ਹੈ ? ਸ਼ਕਤੀ ਯਾ ਸਮਰੱਥਾ।

ਸ਼ਕਤੀ ਬਿਨਾਂ ਨਾਂ ਤਾਂ ਦੁਨੀਆਂ ਵਿੱਚ ਹੀ ਕੁਝ ਸੋਰ ਸਕਦਾ ਹੈ ਤੇ ਨਾਂ ਹੀ ਦੀਨ ਵਿਚ। ਪਰ ਕੀਹ ਉਹ ਸ਼ਕਤੀ ਸ਼ਰੀਰਕ ਹੋਣੀ ਚਾਹੀਦੀ ਹੈ ਜਾਂ ਆਤਮਿਕ? ਸਰੀਰਕ ਸ਼ਕਤੀ ਵਾਲੇ ਬੜੇ ਬੜੇ ਰਿਸ਼ਟ ਪੁਸ਼ਟ ਬਲੀ ਪੁਰਖ ਸੰਸਾਰ ਵਿਚ

ਹਨ, ਪਰ ਮਹਾਂ ਅਕ੍ਰਿਤ ਕਾਰਜ (unsuccessful) ਜੀਵਨ ਵਾਲੇ । ਕ੍ਰਿਤ ਕਾਰਜ ਜੀਵਨ ਵਾਲੇ ਬਲੀ ਭੀ ਜੋ ਕੋਈ ਹੋਣ ਤੇ ਕਿਤਨਾਂ ਮਾਨ ਬਲ ਦਾ ਉਹ ਕਰਦੇ ਹੋਣ, ਵੱਜਕੇ ਘੁੰ ੨ ਕਰਦੇ ਵਾਰ ਕਰਣ ਆਏ ਮੱਛਰ ਦਾ ਤਾਂ ਸਫਲ ਟਾਕਰਾ ਕਰਣ ਲਈ ਸਮਰੱਥ ਨਹੀਂ ਹੋ ਸਕਦੇ, ਯਾ ਜ਼ਰਾ ਭੁਰ ਕੋਈ ਰੋਗ ਓਹਨਾਂ ਦੇ ਸਾਮ੍ਹਣੇ ਦਰਸ਼ਨ ਆਣ ਦਿੰਦਾ ਹੈ ਤਾਂ ਭਾਰੀ ਕਾਯਰਤਾ ਦੇ ਅਧੀਨ ਹੋ ਉਹ ਦੰਦ ਟੱਡ ਦਿਤਾ ਕਰਦੇ ਹਨ, ਜਿਸਤੋਂ ਸਰੀਰਕ ਬਲ ਕੁਝ ਐਸਾ ਅਵੱਸ਼ਜਕ ਨਹੀਂ ਦੀਹਦਾ,ਅਲਬੱਤਾ ਆਤਮਿਕ ਬਲ । ਤਾਂਤੇ ਅਧਯਾਤਮਿਕ ਸ਼ਕਤੀ ਹੀ ਕ੍ਰਿਤਕਾਰਯਤਾ ਦਾ ਮੂਲ ਕਾਰਣ ਹੈ। ਪਰ ਵਿੱਦਤ ਰਹੇ ਕਿ ਅਜੇਹੀ ਸ਼ਕਤੀ ਕਿਧਰੋਂ ਬਾਹਰੋਂ ਨਹੀਂ ਆਇਆ ਕਰਦੀ,ਬਲਕਿ ਏਹ ਬਲ ਇਸਦੇ ਅੰਦਰ ਜਮਾਂਦਰੂ ਭਾਵ ਨਾਲ ਹੀ ਪ੍ਰਗਟ ਹੋਇਆ ਕਰਦਾ ਹੈ ।ਜਿਤਨੇ ਭੀ ਆਤਮਿਕ ਬਲ ਵਾਲੇ ਦੇਖੋਗੇ ਓਹਨਾਂ ਨੂੰ ਜਮਾਂਦਰੂ ਹੀ ਐਸਾ ਤੱਕੋਗੇ ਨਾਂ ਕਿ ਬਨੌਟੀ । ਕਜੋਂ ਜੁ ਓਹਨਾਂ ਦੇ ਅੰਦਰਲੇ ਦਾ ਸਰਬੰਧ ਸਮੂਹ ਭਾਵ ਦੀਆਂ ਸ਼ਕਤੀਆਂ ਦੇ ਸੋਤ ਨਾਲ ਜੁੱਟਿਆ ਹੁੰਦਾ ਹੈ।ਜੇਹੜਾ ਆਦਮੀ ਬਲੀ ਬਣਨ ਦਾ ਯਤਨ ਕਰ ਰਿਹਾ ਹੈ ਸਮਝੋ ਕਿ ਉਹ ਬਲੀ ਨਹੀਂ ਹੈ, ਕਿਉਂਕਿ ਉਸਦੇ ਅੰਦਰ ਹਿੰਮਤ ਨਹੀਂ ਤੇ ਇਸੇ ਕਰਕੇ ਉਸ ਨੂੰ ਸਾਹਸ ਨਹੀਂ ਪੌਂਦਾ । ਆਤਮਕ ਸ਼ਕਤੀ ਯਾ ਸਮਰੱਥ ਦਾ ਭੁਤ ਹਰ ਕਾਯਰ ।ਵੱਚ ਧਰਮ ਭਾਵ ਪੂਰ ਤੁਲੇ ਰਹਿਣਾ ਹੈ ਤੇ ਹਰਦਮ ਇਸ ਗੱਲ ਲਈ ਤਿਆਰ ਹੋਵੇ ਕਿ "ਤੇਰਾ ਭਾਣਾ ਮੀਠਾ ਲਾਗੈ" ਜੋ ਕੁਝ ਭੀ ਹੋਵੇ ਸਿਰਜਨਹਾਰ ਦੀ ਰਜਾ

ਦੇ ਅੰਦਰ ਪਿਆ ਹੋਵੇ । 'ਨਾ ਤਨ ਅਪਣਾ ਨਾ ਮਨ ਅਪਣਾ ਹੈ ਜਿਸਕੇ ਜਿਹ ਰਹੈ ਉਸਕੇ ।" ਅਰਥਾਤ "ਰਹੈ ਅਤੀਤ ਜਾਣੈ ਸਭ ਤਿਸਕਾ ॥ਤਨ ਮਨ ਅਰਪੈ ਹੈ ਇਹ ਜਿਸਕਾ ॥"

ਕੁਝ ਚਿਰ ਹੋਯਾ ਹੈ ਇੱਕ ਨੇ ਸਾਥੋਂ ਪੁੱਛਿਆ ਸੀ ਕਿ "ਸਭ ਇੰਦ੍ਰੀਆ ਵਸ ਕਰ ਦਿਤੀਆ ਨਾਹੀ ਖਿੰਜੋ ਤਾੜਾ ।" ਇਹ ਗੁਰੂ ਸਾਹਿਬ ਨੇ ਕੀਹ ਆਖਿਆ ਹੋਯਾ ਹੈ ? ਕਿਉਂਕਿ ਇੰਦ੍ਰੀਆਂ ਦਾ ਸੁਭਾਵਿਕ ਧਰਮ ਜਦ ਆਪਣੇ ੨ ਪ੍ਰਯੋਜਨ ਸਾਧਨ ਵੱਲ ਦੌੜਨ ਦਾ ਹੈ ਤਾਂ ਇਨ੍ਹਾਂਦਾ ਖਿੰਚੋਤਾਣ ਤਯਾਗਕੇ ਵੱਸ ਵਿੱਚ ਔਣਾਂ ਹੋ ਕੀਕੂੰ ਸੱਕਦਾ ਹੈ ? ਤਾਂ ਇਸਦਾ ਉੱਤਰ ਇਹ ਦਿੱਤਾ ਗਿਆ ਕਿ ਜਿਉਂ ੨ ਵਾਹਿਗੁਰੂ ਦੇ ਸਰੂਪ ਦੇ ਗਿਆਨ ਵਿੱਚ ਪੁਰਖ ਉੱਨਤੀ (ਵਾਧ) ਕਰਦਾ ਜਾਂਦਾ ਹੈ ਤਿਉਂ ੨ ਏਸ ਦੀ ਸੁਰਤ ਉੱਚੀ ਹੁੰਦੀ ਜਾਂਦੀ ਹੈ ਤੇ ਵਿਕਾਰੀ ਸੰਸਕਾਰਾਂ ਦੀ ਮੈਲ ਤੋਂ ਨਿਰਮਲ ਹੋ ਜਾਂਦੀ ਹੈ। ਏਸ ਉੱਜਲੇ ਭਾਵ ਨੂੰ ਪ੍ਰਾਪਤ ਹੋਈ ਸੁਰਤ ਨੂੰ ਜਿਓਂ ਕਾ ਤਿਓਂ ਅਨਭਉ ਹੋਣ ਲੱਗ ਜਾਂਦਾ ਹੈ ਕਿ ਹੁਣ ਏਨ੍ਹਾਂ ਪੁਰ ਵਾਸ਼ਨਾਂ ਆਪਣਾ ਬਲ ਨਹੀਂ ਪਾ ਸੱਕਦੀਆਂ ਤੇ ਨਿਰਵਾਸ ਚਿੱਤ ਦੇ ਅਧੀਨ ਨਿਰਵਾਸ ਰੂਪ ਹੀ ਮਾਨੋਂ ਏਹ ਹੋਈਆਂ ਨਿਰਮੱਚ (ਅਚੰਚਲ) ਹੋ ਜਾਯਾ ਕਰਦੀਆਂ ਹਨ । ਬੱਸ ਇਹ ਅਚੰਚਲ ਭਾਵ ਹੀ ਬਲ ਤਥਾ ਸ਼ਕਤੀ ਹੁੰਦੀ ਹੈ।

ਜਿਸ ਪੁਰਸ਼ ਦੇ ਸੰਕਲਪਾਂ, ਸੰਸਕਾਰਾਂ ਤਥਾ ਭਾਵਾਂ (Purposee) ਦਾ ਰੁਖ ਵਾਹਿਗੁਰੂ ਵੱਲ ਹੋਵੇ ਉਹੋ ਹੀ ਬਲੀ ਪੁਰਸ਼ ਆਖਿਆ ਜਾਂਦਾ ਤੇ ਕੇਵਲ ਉਹੋ ਹੀ ਸਦੀਵ-ਕਾਲ ਸਾਹਸੀ ਤਥਾ ਹਿੰਮਤੀ ਮਨੁੱਖ ਹੁੰਦਾ ਹੈ। ਏਹੋ ਜੇਹੇ ਲਈ ਹੀ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.